17-25

# ਇੱਕ ਭਿੰਨਤਾ: ਅਤੇ ਇੱਕ ਅੰਤਮ ਪਰਮੇਸ਼ੁਰ-ਉਸਤਤ

ਜਦ ਯਹੂਦਾਹ ਦਾ ਪੱਤਰ ਅੰਤ ਦੇ ਨੇੜੇ ਪੁੱਜਦਾ ਹੈ, ਉਹ ਝੂਠੇ ਗੁਰੂਆਂ ਦੀ ਤੁਲਨਾ ਅਸਲ ਮਸੀਹੀ ਵਿਹਾਰ ਦੇ ਨਾਲ ਕਰਦਾ ਹੈ। ਮਸੀਹੀ ਲੋਕਾਂ ਨੂੰ ਪਰਮੇਸ਼ੁਰ ਦੇ ਨਾਲ ਆਪਣੇ ਸੰਬੰਧ ਦੀ ਜਿੰਮੇਵਾਰੀ ਲੈਣੀ ਸੀ। ਉਨ੍ਹਾਂ ਨੂੰ ਰਸੂਲਾਂ ਦੇ ਵਚਨ ਚੇਤੇ ਰੱਖਣੇ ਸਨ ਅਤੇ ਆਪਣੀ ਅੱਤ ਪਵਿੱਤਰ ਨਿਹਚਾ ਉੱਤੇ ਉਸਾਰੀ ਕਰਨੀ ਸੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਉਨ੍ਹਾਂ ਲੋਕਾਂ ਦਾ ਖਿਆਲ ਰੱਖਣਾ ਸੀ ਜਿਹੜੇ ਆਤਮਕ ਤੌਰ ’ਤੇ ਨਿਰਬਲ ਸਨ। ਉਨ੍ਹਾਂ ਨੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਸੀ ਅਤੇ ਪ੍ਰਭੂ ਵਿਚ ਵਾਪਸ ਖਿੱਚਣਾ ਸੀ।

## ਇੱਕ ਭਿੰਨਤਾ: ਠੱਠਾ ਕਰਨ ਵਾਲੇ ਧੜੇਬਾਜ ਬਨਾਮ ਵਫ਼ਾਦਾਰ ਵਿਸ਼ਵਾਸੀ (17-23)

**17ਪਰ ਤੁਸੀਂ ਹੇ ਪਿਆਰਿਓ, ਇਨ੍ਹਾਂ ਗੱਲਾਂ ਨੂੰ ਚੇਤੇ ਰੱਖੋ ਜੋ ਸਾਡੇ ਪ੍ਰਭੂ ਯਿਸੂ ਮਸੀਹ
ਦੇ ਰਸੂਲਾਂ ਨੇ ਅੱਗੋਂ ਆਖੀਆਂ। 18ਭਈ ਉਨ੍ਹਾਂ ਨੇ ਤੁਹਾਨੂੰ ਕਿਹਾ ਜੋ ਅੰਤ ਦੇ ਸਮੇਂ ਠੱਠਾ
ਕਰਨ ਵਾਲੇ ਹੋਣਗੇ ਜਿਹੜੇ ਆਪਣੇ ਸ਼ਤਾਨੀ ਕਾਮਨਾਂ ਦੇ ਅਨੁਸਾਰ ਚੱਲਣਗੇ। 19ਏਹ
ਓਹੋ ਹਨ ਜਿਹੜੇ ਧੜੇਬਾਜ਼, ਸਰੀਰਕ ਹਨ ਜਿਨ੍ਹਾਂ ਵਿਚ ਆਤਮਾ ਨਹੀਂ। 20ਪਰ ਤੁਸੀਂ ਹੇ
ਪਿਆਰਿਓ, ਆਪਣੇ ਆਪ ਨੂੰ ਆਪਣੀ ਅੱਤ ਪਵਿੱਤਰ ਨਿਹਚਾ ਉੱਤੇ ਉਸਾਰੀ ਜਾਓ ਅਤੇ
ਪਵਿੱਤਰ ਆਤਮਾ ਵਿਚ ਪ੍ਰਾਰਥਨਾ ਕਰਦੇ ਹੋਏ। 21ਪਰਮੇਸ਼ੁਰ ਦੇ ਪ੍ਰੇਮ ਵਿਚ ਆਪਣੇ
ਆਪ ਨੂੰ ਕਾਇਮ ਰੱਖੋ ਅਤੇ ਸਦੀਪਕ ਜੀਵਨ ਦੇ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੀ ਦਯਾ
ਦੀ ਉਡੀਕ ਕਰਦੇ ਰਹੋ। 22ਅਤੇ ਕਿੰਨਿਆਂ ਉੱਤੇ ਜਿਹੜੇ ਦੁਬਧਾ ਵਿਚ ਪਏ ਹੋਏ ਹਨ
ਦਯਾ ਕਰੋ। 23ਅਤੇ ਕਿੰਨਿਆਂ ਨੂੰ ਅੱਗ ਵਿਚੋਂ ਧੂ ਖਿੱਚ ਕੇ ਬਚਾਓ, ਅਤੇ ਓਸ ਬਸਤਰ ਤੋਂ
ਵੀ ਜਿਹ ਦੇ ਵਿਚ ਦੇਹੀ ਦਾ ਦਾਗ ਲੱਗਿਆ ਹੋਵੇ ਸੂਗ ਕਰਦੇ ਹੋਏ ਕਿੰਨਿਆਂ ਉੱਤੇ ਭੈ
ਨਾਲ ਦਯਾ ਕਰੋ।**

**ਆਇਤ 17.** ਯਹੂਦਾਹ ਆਪਣੇ ਪਾਠਕਾਂ ਨੂੰ ਸਿੱਧਾ ਸੰਬੋਧਤ ਕਰਨ ਲਈ ਮੁੜਦਾ ਹੈ,

ਜਿਵੇਂ ਕਿ ਉਸ ਨੇ ਆਇਤ 3 ਵਿਚ ਕੀਤਾ ਸੀ। "ਨਿਹਚਾ ਦੇ ਲਈ . . . ਜਤਨ" ਦੀ ਤਾਗੀਦ ਕਰਨ (ਆਇਤ 3) ਅਤੇ ਰਸੂਲਾਂ ਦੁਆਰਾ ਦਿੱਤੀਆਂ ਗਈਆਂ ਮਸੀਹ ਦੀਆਂ **ਗੱਲਾਂ ਨੂੰ ਚੇਤੇ** ਰੱਖਣ ਦੀ ਅਪੀਲ ਦੇ ਵਿਚਕਾਰ, ਯਹੂਦਾਹ ਨੇ ਉਨ੍ਹਾਂ ਝੂਠੇ ਗੁਰੂਆਂ ਦਾ ਵੇਰਵਾ ਦਿੱਤਾ ਜਿਹੜੇ ਕਲੀਸੀਆ ਦਾ ਸਾਹਮਣਾ ਕਰ ਰਹੇ ਸਨ। ਇਹ ਸਪੱਸ਼ਟ ਹੈ ਕਿ ਲੇਖਕ ਦਾ ਉਦੇਸ਼ ਆਪਣੇ ਪਾਠਕਾਂ ਦੀ ਉਸਾਰੀ ਕਰਨਾ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਸੀ। ਅਰੰਭ ਵਿਚ ਉਸ ਨੇ ਉਨ੍ਹਾਂ ਦੀ "ਸਾਂਝੀ ਮੁਕਤੀ" ਬਾਰੇ ਲਿਖ ਕੇ ਉਨ੍ਹਾਂ ਦੀ ਉਸਾਰੀ ਕਰਨ ਬਾਰੇ ਸੋਚਿਆ ਸੀ (ਆਇਤ 3), ਪਰ ਫਿਰ ਉਸ ਨੇ ਮਹਿਸੂਸ ਕੀਤਾ ਕਿ ਉਸ ਨੂੰ ਝੂਠੇ ਗੁਰੂਆਂ, ਜਿਹੜੇ "ਚੋਰੀ ਆ ਵੜੇ" ਸਨ, ਬਾਰੇ ਲਿਖਣ, ਚਿਤਾਉਣੀ ਦੇਣ ਅਤੇ ਉਨ੍ਹਾਂ ਤੋਂ ਦੂਰ ਰਹਿਣ ਬਾਰੇ ਲਿਖਣਾ ਚਾਹੀਦਾ ਹੈ (ਆਇਤ 4)। ਉਨ੍ਹਾਂ ਦੀ "ਸਾਂਝੀ ਮੁਕਤੀ" ਬਾਰੇ ਜਾਂ ਝੂਠੇ ਗੁਰੂਆਂ ਬਾਰੇ ਯਹੂਦਾਹ ਨੇ ਜੋ ਵੀ ਲਿਖਿਆ, ਉਸ ਵਿਚ ਉਸ ਦਾ ਉਦੇਸ਼ ਮਸੀਹੀ ਲੋਕਾਂ ਦੀ ਨਿਹਚਾ ਵਿਚ ਉਨ੍ਹਾਂ ਦੀ ਉਸਾਰੀ ਸੀ।

ਯਹੂਦਾਹ ਨੇ ਇਹ ਸਪੱਸ਼ਟ ਕੀਤਾ ਕਿ ਮਸੀਹੀ ਲੋਕਾਂ ਨੂੰ ਤਦ ਹੈਰਾਨ ਨਹੀਂ ਹੋਣਾ ਚਾਹੀਦਾ ਜਦ ਉਨ੍ਹਾਂ ਦੇ ਵਿਚੋਂ ਅਜਿਹੇ ਲੋਕ ਉੱਠਦੇ ਹਨ ਜਿਹੜੇ ਦੁਸ਼ਟ ਹਨ ਅਤੇ ਮਸੀਹ ਦੀ ਸਿੱਖਿਆ ਨੂੰ ਵਿਗਾੜਦੇ ਹਨ। ਪੁਰਾਣਾ ਨੇਮ ਅਤੇ ਨਵਾਂ ਨੇਮ ਉਨ੍ਹਾਂ ਲੋਕਾਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ ਜਿਹੜੇ ਪਰਮੇਸ਼ੁਰ ਦੇ ਲੋਕਾਂ ਵਿਚ ਆਣ ਵੜੇ ਅਤੇ ਆਪਣੇ ਫਾਇਦੇ ਲਈ ਉਨ੍ਹਾਂ ਦਾ ਇਸਤੇਮਾਲ ਕੀਤਾ। ਅਜਿਹੇ ਲੋਕ ਹਮੇਸ਼ਾ ਰਹਿਣਗੇ ਜਿਹੜੇ ਮਸੀਹ ਦੀ ਦੇਹੀ ਦੀ ਵਰਤੋਂ ਆਪਣੇ ਨਿੱਜੀ ਫਾਇਦੇ ਲਈ ਅਤੇ ਆਪਣੀ ਮਹਿਮਾ ਲਈ ਕਰਦੇ ਰਹਿਣਗੇ। ਯਹੂਦਾਹ ਨੇ ਇਹ ਆਖਦਿਆਂ ਆਪਣੀ ਗੱਲ ਉੱਤੇ ਜ਼ੋਰ ਦਿੱਤਾ ਕਿ **ਰਸੂਲਾਂ ਨੇ** ਆਪ ਇਸ ਮਸਲੇ ਬਾਰੇ ਗੱਲਾਂ **ਅੱਗੋਂ ਆਖੀਆਂ** ਸਨ। ਪਤਰਸ ਵਾਂਗ ਪੌਲੁਸ ਦੇ ਪੱਤਰਾਂ ਦਾ ਹਵਾਲਾ ਦੇਣ ਦੀ ਬਜਾਇ (2 ਪਤਰਸ 3:15, 16), ਯਹੂਦਾਹ ਨੇ ਉਨ੍ਹਾਂ ਸਿੱਖਿਆਵਾਂ ਦੀ ਅਪੀਲ ਕੀਤੀ ਜਿਹੜੀਆਂ ਸਭਨਾਂ "ਰਸੂਲਾਂ ਨੇ" ਦਿੱਤੀਆਂ ਸਨ।

ਜਦ ਯਹੂਦਾਹ ਨੇ **ਸਾਡੇ ਪ੍ਰਭੂ ਯਿਸੂ ਮਸੀਹ ਦੇ** "ਰਸੂਲਾਂ" ਦੀ ਗੱਲ ਕੀਤੀ, ਤਾਂ ਉਸ ਦੇ ਮਨ ਵਿਚ ਸੁਨਿਸ਼ਚਿਤ ਤੌਰ 'ਤੇ ਕੌਣ ਸਨ ਇਹ ਸਪੱਸ਼ਟ ਨਹੀਂ ਹੈ। ਕਿਉਂਜੋ ਉਹ ਯਿਸੂ ਦੇ ਭਰਾਵਾਂ ਵਿਚੋਂ ਇੱਕ ਸੀ, ਤਾਂ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਬਾਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਪੌਲੁਸ ਨੇ ਯਹੂਦਾਹ ਦੇ ਭਰਾ ਯਾਕੂਬ ਨੂੰ ਇੱਕ ਭਾਵ ਵਿਚ "ਰਸੂਲ" ਕਹਿ ਕੇ ਸੰਬੋਧਤ ਕੀਤਾ (ਗਲਾਤੀਆਂ 1:19)। ਕੀ ਯਹੂਦਾਹ ਨੇ ਯਾਕੂਬ ਨੂੰ ਅਤੇ ਆਪਣੇ ਆਪ ਨੂੰ ਰਸੂਲਾਂ ਵਿਚ ਸ਼ਾਮਲ ਕੀਤਾ ਹੋਵੇਗਾ? ਲੂਕਾ ਨੇ ਬਰਨਬਾਸ ਅਤੇ ਪੌਲੁਸ ਨੂੰ ਦੋ ਵਾਰੀ "ਰਸੂਲ" ਆਖਿਆ (ਰਸੂਲਾਂ 14:4, 14), ਹਾਲਾਂਕਿ ਸ਼ਾਇਦ ਉਸ ਦੇ ਕਹਿਣ ਦਾ ਭਾਵ ਇਹ ਹੋਵੇ ਕਿ ਉਹ ਅੰਤਾਕਿਯਾ ਦੀ ਕਲੀਸੀਆ ਦੇ ਰਸੂਲ ਸਨ। ਇਹ ਸਪੱਸ਼ਟ ਨਹੀਂ ਹੈ ਕਿ ਯਹੂਦਾਹ ਨੇ ਬਾਰਾਂ, ਜਿਨ੍ਹਾਂ ਨੂੰ ਪ੍ਰਭੂ ਵੱਲੋਂ ਸਿੱਧੇ ਤੌਰ 'ਤੇ ਰਸੂਲੀ ਇਖਤਿਆਰ ਦਿੱਤਾ ਗਿਆ ਸੀ, ਤੋਂ ਇਲਾਵਾ ਹੋਰ ਕਿਸੇ ਨੂੰ ਵੀ ਰਸੂਲਾਂ ਵਿਚ ਸ਼ਾਮਲ ਕੀਤਾ। ਇਹ ਸਪੱਸ਼ਟ ਹੈ ਕਿ ਭਾਵੇਂ ਯਹੂਦਾਹ ਆਪਣੇ ਆਪ ਦੀ ਗਿਣਤੀ ਰਸੂਲਾਂ ਵਿਚ ਨਾ ਕਰਦਾ ਹੋਵੇ, ਪਰ ਉਹ ਆਪਣੇ ਆਪ ਨੂੰ ਅਜਿਹਾ ਵਿਅਕਤੀ ਜ਼ਰੂਰ ਸਮਝਦਾ ਸੀ ਜਿਹੜਾ ਰਸੂਲੀ ਸੁਨੇਹੇ ਨੂੰ ਲੋਕਾਂ ਵਿਚ ਵੰਡ ਰਿਹਾ ਸੀ।

ਯਹੂਦਾਹ ਨੇ ਇਸ ਗੱਲ ਤੋਂ ਅਰੰਭ ਕੀਤਾ ਕਿ ਮਸੀਹੀ ਸਿੱਖਿਆ ਦਾ ਅਧਿਕਾਰਕ ਸ੍ਰੋਤ "ਰਸੂਲ" ਸਨ। ਅਧਿਕਾਰਕ ਉਪਦੇਸ਼ਕਾਂ ਦੇ ਤੌਰ 'ਤੇ ਪੌਲੁਸ ਤੋਂ ਇਲਾਵਾ ਉਨ੍ਹਾਂ ਦੀ ਗਿਣਤੀ

ਘੱਟੋ-ਘੱਟ ਬਾਰਾਂ ਸੀ (1 ਕੁਰਿੰਥੀਆਂ 15:5–9)। ਬਾਰਾਂ ਵਿਚੋਂ ਜ਼ਿਆਦਾਤਰ ਰਸੂਲਾਂ ਦੇ ਕੰਮ ਬਾਰੇ ਅਸੀਂ ਬਹੁਤ ਘੱਟ ਜਾਣਦੇ ਹਾਂ। ਸੰਭਵ ਹੈ ਕਿ ਉਨ੍ਹਾਂ ਵਿਚੋਂ ਹਰੇਕ ਦੀ ਸੇਵਾ ਬਹੁਤ ਵਿਸਤ੍ਰਿਤ ਰਹੀ ਹੋਵੇ ਅਤੇ ਉਸ ਦੇ ਨਤੀਜੇ ਬਹੁਤ ਦੂਰ ਤੱਕ ਗਏ ਹੋਣ; ਪਰ ਇੱਥੇ ਯਹੂਦਾਹ ਦਾ ਧਿਆਨ ਹੋਰਨਾਂ ਮਸਲਿਆਂ ਵੱਲ ਸੀ। ਪ੍ਰਭੂ ਦਾ ਭਰਾ ਆਪਣੇ ਪਾਠਕਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਇੱਕ ਰਸੂਲੀ ਸੁਨੇਹਾ ਮੌਜੂਦ ਸੀ। ਯਹੂਦਾਹ ਦੇ ਸਾਹਮਣੇ ਆਏ ਝੂਠੇ ਗੁਰੂ ਇਸ ਰਸੂਲੀ ਸੁਨੇਹੇ ਦੀਆਂ ਮੁੱਖ ਗੱਲਾਂ ਨੂੰ ਰੱਦ ਰਹੇ ਸਨ। ਇਸ ਕਾਰਨ ਵਿਸ਼ਵਾਸੀਆਂ ਦੀ ਮੁਕਤੀ ਖਤਰੇ ਵਿਚ ਸੀ। ਇਹ ਮਾਇਨੇ ਰੱਖਦਾ ਹੈ ਕਿ ਕਲੀਸੀਆ ਦੀ ਮਾਨਤਾ ਕੀ ਹੈ; ਡਾਕਟ੍ਰਿਨ ਮਹੱਤਵਪੂਰਨ ਹੈ।

**ਆਇਤ 18.** ਅਜੇ ਵੀ ਵਿਸ਼ਾ ਰਸੂਲ ਹੀ ਸੀ ਜਦ ਯਹੂਦਾਹ ਨੇ ਲਿਖਿਆ **ਉਨ੍ਹਾਂ ਨੇ ਤੁਹਾਨੂੰ ਕਿਹਾ**। ਮਸੀਹ ਦੇ ਰਸੂਲਾਂ ਨੇ ਉਨ੍ਹਾਂ ਨੂੰ ਝੂਠੇ ਗੁਰੂਆਂ ਬਾਰੇ ਚਿਤਾਉਣੀ ਦਿੱਤੀ ਸੀ। ਯਹੂਦਾਹ ਦੇ ਪਾਠਕਾਂ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਸੀ, ਕਿ ਝੂਠੇ ਗੁਰੂ ਮਸੀਹ ਦੀ ਡਾਕਟ੍ਰਿਨ ਦੇ ਨਾਲ ਸਮਝੌਤਾ ਕਰਨ ਅਤੇ ਅਨੈਤਿਕ ਰਾਹਾਂ ’ਤੇ ਤੁਰਨ ਨੂੰ ਤਿਆਰ ਸਨ। ਰਸੂਲਾਂ ਨੇ ਮਸੀਹੀ ਲੋਕਾਂ ਨੂੰ ਸਿਖਾਇਆ ਸੀ ਕਿ ਇਹ ਲੋਕ ਅਜਿਹਾ ਕਰਨਗੇ।

ਯਹੂਦਾਹ ਨੇ ਉਨ੍ਹਾਂ ਵਿਸ਼ੇਸ਼ ਚਿਤਾਉਣੀਆਂ ਦਾ ਹਵਾਲਾ ਨਹੀਂ ਦਿੱਤਾ ਜਿਹੜੀਆਂ ਰਸੂਲਾਂ ਨੇ ਦਿੱਤੀਆਂ ਸਨ, ਪਰ ਨਵੇਂ ਨੇਮ ਵਿਚ ਕਈ ਚਿਤਾਉਣੀਆਂ ਦਿੱਤੀਆਂ ਗਈਆਂ ਹਨ। ਪੌਲੁਸ ਨੇ ਉਨ੍ਹਾਂ ਉਪਦੇਸ਼ਕਾਂ ਬਾਰੇ ਚਿਤਾਉਣੀ ਦਿੱਤੀ ਜਿਹੜੇ “ਅੰਤ ਦਿਆਂ ਦਿਨਾਂ ਵਿਚ” ਆਉਣਗੇ (2 ਤਿਮੋਥਿਉਸ 3:1–5; ਵੇਖੋ ਰਸੂਲਾਂ 20:29, 30; 1 ਤਿਮੋਥਿਉਸ 4:1–3) ਅਤੇ ਉਸ ਨੇ ਉਨ੍ਹਾਂ ਦਾ ਵੇਰਵਾ ਯਹੂਦਾਹ ਦਿਆਂ ਸ਼ਬਦਾਂ ਨਾਲ ਮੇਲ ਖਾਂਦਿਆਂ ਸ਼ਬਦਾਂ ਵਿਚ ਦਿੱਤਾ। ਜੇਕਰ ਯਹੂਦਾਹ ਨੇ ਪੰਤੇਕੁਸਤ ਦੇ ਤੁਰੰਤ ਬਾਅਦ ਵਾਲੇ ਦੋ ਦਹਾਕਿਆਂ ਦੇ ਦੌਰਾਨ ਇਸ ਪੱਤਰ ਨੂੰ ਲਿਖਿਆ ਸੀ, ਤਾਂ ਉਹ ਨਵੇਂ ਨੇਮ ਦੇ ਕੁਝ ਦਸਤਾਵੇਜ਼ਾਂ ਤੋਂ ਜਾਣੂ ਹੋ ਚੁੱਕਾ ਹੋਵੇਗਾ। ਪਰ ਫਿਰ ਵੀ, ਇਸ ਵਿਚ ਥੋੜਾ ਸੰਦੇਹ ਹੈ ਕਿ ਯਰੂਸ਼ਲਮ ਦੇ ਰਸੂਲਾਂ ਨੇ ਅਜਿਹੀਆਂ ਕਈ ਚਿਤਾਉਣੀਆਂ ਦਿੱਤੀਆਂ ਹੋਣਗੀਆਂ। ਪਤਰਸ ਦੇ ਸ਼ਬਦ ਯਹੂਦਾਹ ਦੇ ਸ਼ਬਦਾਂ ਨਾਲ ਬਹੁਤ ਮੇਲ ਖਾਂਦੇ ਹਨ: “ਪਹਿਲਾਂ ਤੁਸੀਂ ਇਹ ਜਾਣਦੇ ਹੋ ਭਈ ਅੰਤ ਦੇ ਦਿਨਾਂ ਵਿਚ ਠੱਠਾ ਕਰਨ ਵਾਲੇ ਠੱਠਾ ਕਰਦੇ ਹੋਏ ਆਉਣਗੇ ਜਿਹੜੇ ਆਪਣੀਆਂ ਕਾਮਨਾਂ ਦੇ ਅਨੁਸਾਰ ਚੱਲਣਗੇ” (2 ਪਤਰਸ 3:3)।

ਜਿਸ ਯੂਨਾਨੀ ਸ਼ਬਦ ਦਾ ਅਨੁਵਾਦ **ਠੱਠਾ ਕਰਨ ਵਾਲੇ** (ἐμπαίκτης, *ਏਮਪਾਇਕਟੇਸ*) ਕੀਤਾ ਗਿਆ ਹੈ, ਉਹ ਨਵੇਂ ਨੇਮ ਵਿਚ ਕੇਵਲ 2 ਪਤਰਸ 3:3 ਅਤੇ ਯਹੂਦਾਹ 18 ਵਿਚ ਹੀ ਮਿਲਦਾ ਹੈ। ਜਦ ਤਰਕ ਅਤੇ ਸੱਚਾਈ ਖਤਮ ਹੋ ਜਾਂਦੀ ਹੈ, ਤਾਂ ਅਪਵਿੱਤਰ ਲੋਕ ਠੱਠਾ ਕਰਨ ਨੂੰ ਤਿਆਰ ਬੈਠੇ ਹੁੰਦੇ ਹਨ। ਦੁਨਿਆਵੀ ਤੌਰ-ਤਰੀਕਿਆਂ ਵੱਲ ਖਿੱਚੇ ਜਾਣ ਵਾਲੇ ਲੋਕ ਠੱਠਾ, ਮੂੰਹ ਤੋੜ ਜਵਾਬ ਅਤੇ ਭੈੜੀਆਂ ਗੱਲਾਂ ਵਿਚ ਮਜ਼ੇ ਲੈਂਦੇ ਹਨ। NASB ਆਇਤ 15 ਵਿਚ ਝੂਠੇ ਗੁਰੂਆਂ ਦੇ ਲਈ ਚਾਰ ਵਾਰੀ “ਸ਼ਤਾਨੀ” ਸ਼ਬਦ ਦੀ ਵਰਤੋਂ ਕਰਦੀ ਹੈ। ਇਸ ਆਇਤ ਵਿਚ ਯਹੂਦਾਹ ਨੇ ਫਿਰ ਤੋਂ ਉਨ੍ਹਾਂ ਦੀ **ਸ਼ਤਾਨੀ ਕਾਮਨਾਂ** ਨੂੰ ਚੇਤੇ ਕੀਤਾ। ਅਜਿਹਾ ਜਾਪਦਾ ਹੈ ਕਿ ਉਹ ਇਨ੍ਹਾਂ ਉਪਦੇਸ਼ਕਾਂ ਦੀ ਅਪਵਿੱਤਰਤਾ ਦਾ ਹਵਾਲਾ ਦਿੱਤੇ ਬਿਨਾਂ ਉਨ੍ਹਾਂ ਬਾਰੇ ਗੱਲ ਨਹੀਂ ਕਰ ਸਕਦਾ ਸੀ।

ਜਦਕਿ ਪੌਲੁਸ ਨੇ “ਅੰਤ ਦਿਆਂ ਦਿਨਾਂ” ਸ਼ਬਦਾਂ ਨੂੰ ਪਸੰਦ ਕੀਤਾ, ਤਾਂ ਉਸ ਦੇ ਮਨ ਵਿਚ ਯਹੂਦਾਹ ਨਾਲੋਂ ਵੱਖਰਾ ਕੁਝ ਨਹੀਂ ਸੀ ਜਿਸ ਨੇ **ਅੰਤ ਦੇ ਸਮੇਂ** ਸ਼ਬਦਾਂ ਦੀ ਚੋਣ ਕੀਤੀ।

"ਅੰਤ ਦੇ ਸਮੇਂ" ਵਿਚ ਉਹ ਦਿਨ ਵੀ ਸ਼ਾਮਲ ਸਨ ਜਿਨ੍ਹਾਂ ਵਿਚ ਯਹੂਦਾਹ ਅਤੇ ਉਸ ਦੇ ਪਾਠਕ ਜੀ ਰਹੇ ਸਨ। (ਵੇਖੋ ਇਬਰਾਨੀਆਂ 1:2, ਜਿੱਥੇ ਇਸ ਨੂੰ "ਇਨ੍ਹਾਂ ਦਿਨਾਂ ਦੇ ਅੰਤ ਵਿਚ" ਆਖਿਆ ਗਿਆ ਹੈ।) ਇਸ ਪ੍ਰਮਾਣ ਵਜੋਂ ਕਿ ਉਹ ਅੰਤ ਦੇ ਸਮੇਂ ਵਿਚ ਜੀ ਰਹੇ ਸਨ, ਯਹੂਦਾਹ ਨੇ ਆਪਣੇ ਪਾਠਕਾਂ ਦੇ ਤਜਰਬਿਆਂ ਦੀ ਅਪੀਲ ਦਿੱਤੀ, ਜਿਨ੍ਹਾਂ ਵਿਚ "ਠੱਠਾ ਕਰਨ ਵਾਲਿਆਂ" ਦੇ ਆਉਣ ਅਤੇ ਉਨ੍ਹਾਂ ਦੇ "ਆਪਣੇ ਸ਼ਤਾਨੀ ਕਾਮਨਾਂ ਦੇ ਅਨੁਸਾਰ ਚੱਲਣ" ਦੀਆਂ ਨਬੂਵਤਾਂ ਦੀ ਪੂਰਤੀ ਵੀ ਸ਼ਾਮਲ ਹੈ (ਵੇਖੋ 1 ਤਿਮੋਥਿਉਸ 4:1)। ਯਹੂਦਾਹ ਦੇ ਪਾਠਕਾਂ ਨੂੰ ਉਨ੍ਹਾਂ ਚਿਤਾਉਣੀਆਂ ਨੂੰ ਚੇਤੇ ਰੱਖਣ ਦੀ ਲੋੜ ਸੀ ਜਿਹੜੀਆਂ ਅਤੀਤ ਵਿਚੋਂ ਆ ਰਹੀਆਂ ਸਨ। ਰਸੂਲੀ ਚਿਤਾਉਣੀਆਂ ਉਨ੍ਹਾਂ ਨੂੰ ਝੂਠੇ ਗੁਰੂਆਂ ਦੇ ਨਾਲ ਨਜਿੱਠਣ ਲਈ ਲੋੜੀਂਦੀ ਸ਼ਕਤੀ ਦੇਣਗੀਆਂ।

**ਆਇਤ 19.** ਯਹੂਦਾਹ ਨੇ ਸਪੱਸ਼ਟ ਕੀਤਾ; ਉਹ ਗਲਤਫਹਿਮੀ ਨੂੰ ਕੋਈ ਥਾਂ ਨਹੀਂ ਦੇਣਾ ਚਾਹੁੰਦਾ ਸੀ। ਰਸੂਲਾਂ ਦੀਆਂ ਨਬੂਵਤਾਂ ਉਨ੍ਹਾਂ ਝੂਠੇ ਗੁਰੂਆਂ ਬਾਰੇ ਹੀ ਸਨ ਜਿਹੜੇ ਉਨ੍ਹਾਂ ਕਲੀਸੀਆਵਾਂ ਵਿਚ ਵੜ ਆਏ ਸਨ, ਜਿਨ੍ਹਾਂ ਨੂੰ ਯਹੂਦਾਹ ਲਿਖ ਰਿਹਾ ਸੀ। ਜਦ ਯਹੂਦਾਹ ਨੇ **ਏਹ ਓਹੋ ਹਨ** ਸ਼ਬਦਾਂ ਦੀ ਵਰਤੋਂ ਕੀਤੀ ਤਾਂ ਇਨ੍ਹਾਂ ਵਿਚ ਉਸ ਵੱਲੋਂ ਕੀਤੀ ਗਈ ਇਨ੍ਹਾਂ ਦੀ ਨਿੰਦਿਆ ਸਾਫ਼ ਝਲਕਦੀ ਹੈ। ਉਸ ਨੇ ਇਸ ਦੀ ਵਰਤੋਂ ਬਾਰ-ਬਾਰ ਕੀਤੀ (ਆਇਤਾਂ 10, 12, 16)। ਇਹ ਸੰਭਵ ਹੈ, ਇੱਥੋਂ ਤੱਕ ਕਿ ਜਾਪਦਾ ਵੀ ਹੈ ਕਿ ਝੂਠੇ ਗੁਰੂਆਂ ਨੇ ਉਨ੍ਹਾਂ ਲੋਕਾਂ 'ਤੇ **ਸਰੀਰਕ** ਹੋਣ ਦਾ ਦੋਸ਼ ਲਗਾਇਆ ਹੋਵੇਗਾ ਜਿਨ੍ਹਾਂ ਨੇ ਉਨ੍ਹਾਂ ਦੀ ਸਿੱਖਿਆ ਦਾ ਵਿਰੋਧ ਕੀਤਾ ਸੀ। ਸ਼ਾਇਦ ਉਨ੍ਹਾਂ ਨੇ ਵਿਸ਼ੇਸ਼ ਆਤਮਕ ਪਰਕਾਸ਼ ਪ੍ਰਾਪਤੀ ਦਾ ਦਾਅਵਾ ਵੀ ਕੀਤਾ ਹੋਵੇ। ਯਹੂਦਾਹ ਨੇ ਆਖਿਆ ਕਿ ਦਰਅਸਲ ਇਸ ਦੇ ਬਿਲਕੁਲ ਉਲਟ ਹੋ ਰਿਹਾ ਸੀ। ਇਹ ਤਾਂ ਝੂਠੇ ਗੁਰੂ ਸਨ ਜਿਹੜੇ "ਸਰੀਰਕ" (ψυχικός, *ਸੁਖੀਕੋਸ*) ਸਨ। ਇਹ ਉਹ ਸਨ **ਜਿਨ੍ਹਾਂ ਵਿਚ ਆਤਮਾ ਨਹੀਂ** ਸੀ। ਜਿਸ ਸ਼ਬਦ ਦਾ ਅਨੁਵਾਦ "ਸਰੀਰਕ" ਕੀਤਾ ਗਿਆ ਹੈ, ਉਸ ਨੂੰ ਅੰਗ੍ਰੇਜੀ ਵਿਚ ਅਨੁਵਾਦ ਕਰਨਾ ਬਹੁਤ ਔਖਾ ਹੈ। ਇਸ ਦਾ ਭਾਵ ਇਹ ਹੈ ਕਿ ਉਨ੍ਹਾਂ ਦੇ ਮਨ ਅਤੇ ਹਿਰਦੇ ਉਨ੍ਹਾਂ ਦੀਆਂ ਆਪਣੀਆਂ ਕਾਮਨਾਵਾਂ ਉੱਤੇ ਐਨੇ ਜ਼ਿਆਦਾ ਕੇਂਦਰਿਤ ਸਨ ਕਿ ਪਸ਼ੂਆਂ ਵਾਂਗ ਆਪਣੇ ਹੀ ਢਿੱਡ ਭਰਨ ਤੋਂ ਇਲਾਵਾ ਹੋਰ ਕੋਈ ਗੱਲ ਉਨ੍ਹਾਂ ਨੂੰ ਸੰਤੋਖ ਨਹੀਂ ਦੇ ਸਕਦੀ ਸੀ।[1]

ਝੂਠੇ ਗੁਰੂ **ਧੜੇਬਾਜ਼** ਹਨ [ਸਨ]। ਇਹ ਗੱਲ ਜ਼ਿਕਰਯੋਗ ਹੈ ਕਿ ਯਹੂਦਾਹ ਮਸੀਹ ਦੀ ਦੇਹੀ ਵਿਚ ਪੈ ਰਹੀ ਫੁੱਟ ਦਾ ਸ੍ਰੋਤ ਉਨ੍ਹਾਂ ਨੂੰ ਮੰਨ ਰਿਹਾ ਸੀ ਜਿਨ੍ਹਾਂ ਨੇ ਉਨ੍ਹਾਂ ਸਿੱਖਿਆਵਾਂ ਅਤੇ ਰਸਮਾਂ ਨੂੰ ਅਪਨਾ ਲਿਆ ਸੀ ਜਿਹੜੀਆਂ ਉਨ੍ਹਾਂ ਨੂੰ ਅਰੰਭ ਤੋਂ ਨਹੀਂ ਮਿਲੀਆਂ ਸਨ। ਯਹੂਦਾਹ ਅਤੇ ਬਾਕੀ ਲੋਕ, ਜਿਹੜੇ ਰਸੂਲੀ ਸਿੱਖਿਆ 'ਤੇ ਚੱਲ ਰਹੇ ਸਨ, ਇਸ ਫੁੱਟ ਦਾ ਸ੍ਰੋਤ ਨਹੀਂ ਸਨ। ਕਈ ਵਾਰ ਅਜਿਹਾ ਹੋਇਆ ਹੈ ਕਿ ਲੋਕ ਮਸੀਹ ਦੀ ਦੇਹੀ ਵਿਚ ਨਵੀਂ-ਨਵੀਂ ਸਿੱਖਿਆਵਾਂ ਲਿਆਉਂਦੇ ਹਨ। ਜਦ ਵਫ਼ਾਦਾਰ ਲੋਕ ਇਤਰਾਜ਼ ਕਰਦੇ ਹਨ ਤਾਂ ਇਹ ਨਵੇਂ ਉਪਦੇਸ਼ਕ ਉਨ੍ਹਾਂ ਉੱਤੇ ਫੁੱਟ ਪਾਉਣ ਦਾ ਦੋਸ਼ ਲਗਾਉਂਦੇ ਹਨ। ਨਵਾਂ ਅਤੇ ਰਚਨਾਤਮਕ ਅਤੇ ਪ੍ਰਗਤੀਸ਼ੀਲ ਹਮੇਸ਼ਾ ਉੱਤਮ ਨਹੀਂ ਹੁੰਦਾ। ਜਿਨ੍ਹਾਂ ਕਲੀਸੀਆਵਾਂ ਨੂੰ ਯਹੂਦਾਹ ਲਿਖ ਰਿਹਾ ਸੀ, ਉਹ ਇਨ੍ਹਾਂ ਨਵੇਂ ਉਪਦੇਸ਼ਕਾਂ ਦੇ ਕਾਰਨ ਪ੍ਰਗਤੀ ਨਹੀਂ ਕਰ ਰਹੇ ਸਨ। ਇਹ ਨਵੇਂ ਲੋਕ ਫੁੱਟ ਦਾ ਕਾਰਨ ਬਣ ਰਹੇ ਸਨ। ਇਹ ਉਹੀ ਸਨ ਜਿਨ੍ਹਾਂ ਨੇ ਮਸੀਹ ਦੀ ਦੇਹੀ ਨੂੰ ਹਿੱਸਿਆਂ ਵਿਚ ਵੰਡ ਦਿੱਤਾ ਸੀ।

**ਆਇਤ 20.** ਮਸੀਹੀ ਲੋਕਾਂ ਦੀ ਜਿੰਮੇਵਾਰੀ ਹੈ ਕਿ ਉਹ ਆਪਣੀ ਆਤਮਕ ਸਿਹਤ ਦਾ

ਖਿਆਲ ਰੱਖਣ। ਯਹੂਦਾਹ ਨੇ ਆਪਣੇ ਪਾਠਕਾਂ ਨੂੰ ਚੇਤੇ ਕਰਾਇਆ ਕਿ ਉਨ੍ਹਾਂ ਨੂੰ **ਆਪਣੇ ਆਪ ਨੂੰ . . . ਉਸਾਰੀ** ਜਾਣ ਦੇ ਕੰਮ ਵਿਚ ਰੁੱਝੇ ਰਹਿਣਾ ਸੀ। ਇਸ ਦਾ ਅਰਥ ਇਹ ਨਹੀਂ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਆਸਰੇ ਛੱਡ ਦਿੱਤਾ ਸੀ। ਪਰਮੇਸ਼ੁਰ ਦੇ ਲੋਕਾਂ ਦੇ ਸਮਾਜ ਦੇ ਆਤਮਕ ਪੋਸ਼ਣ ਦਾ ਸ੍ਰੋਤ **ਅੱਤ ਪਵਿੱਤਰ ਨਿਹਚਾ** ਹੈ। ਉਨ੍ਹਾਂ ਦੀ ਨਿਹਚਾ ਦਾ ਕੇਂਦਰ ਪ੍ਰਭੂ ਯਿਸੂ ਮਸੀਹ ਹੈ। ਇਸ ਦੇ ਨਾਲ ਹੀ, "ਅੱਤ ਪਵਿੱਤਰ ਨਿਹਚਾ" ਵਿਚ ਉਹ ਸਭ ਕੁਝ ਸ਼ਾਮਲ ਹੈ ਜੋ ਮਸੀਹ ਦੇ ਬਾਰੇ ਉਸ ਦੇ ਰਸੂਲਾਂ ਦੇ ਰਾਹੀਂ ਪਰਗਟ ਕੀਤਾ ਗਿਆ ਹੈ। ਰਸੂਲਾਂ ਦੇ ਜ਼ਰੀਏ ਜਿਸ ਸਾਧਨ ਦੇ ਰਾਹੀਂ ਇਸ ਨਿਹਚਾ ਨੂੰ ਅੱਗੇ ਸਪੁਰਦ ਕੀਤਾ ਗਿਆ ਹੈ, ਉਹ ਪਵਿੱਤਰ ਆਤਮਾ ਹੈ। ਇਸ ਤੋਂ ਇਲਾਵਾ, ਪਵਿੱਤਰ ਆਤਮਾ ਵਿਸ਼ਵਾਸੀ ਦੇ ਅੰਦਰ ਵਾਸ ਕਰਦਾ ਹੈ ਅਤੇ ਉਸ ਨੂੰ ਪਾਪ ਤੋਂ ਫਿਰਨ ਅਤੇ ਮਸੀਹ ਉੱਤੇ ਭਰੋਸਾ ਰੱਖਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਸੇ ਕਰਕੇ, ਯਹੂਦਾਹ ਨੇ ਆਪਣੇ ਪਾਠਕਾਂ ਨੂੰ ਸਿਖਾਇਆ ਕਿ **ਪਵਿੱਤਰ ਆਤਮਾ ਵਿਚ ਪ੍ਰਾਰਥਨਾ** ਕਰਨਾ ਆਤਮਕ ਵਾਧੇ ਦਾ ਇੱਕ ਮੁੱਖ ਤੱਤ ਹੈ, ਜਿਸ ਦੀ ਚਾਹਤ ਉਨ੍ਹਾਂ ਦੇ ਅੰਦਰ ਹੋਣੀ ਚਾਹੀਦੀ ਹੈ।

**ਆਇਤ 21.** ਜਦ ਯਹੂਦਾਹ ਦਾ ਪੱਤਰ ਅੰਤ ਦੇ ਨੇੜੇ ਪੁੱਜਦਾ ਹੈ, ਉਹ ਆਪਣੇ ਪਾਠਕਾਂ ਨੂੰ ਮਸੀਹੀ ਜਿੰਮੇਵਾਰੀ ਦੇ ਮਹੱਤਵ ਬਾਰੇ ਚੇਤੇ ਕਰਾਉਂਦਾ ਹੈ। ਉਨ੍ਹਾਂ ਵੱਲੋਂ ਕੀਤਾ ਜਾਣ ਵਾਲਾ ਗਲਤ ਸਿੱਖਿਆ ਦਾ ਵਿਰੋਧ ਅਤੇ ਰਸੂਲੀ ਵਿਸ਼ਵਾਸ ਦੇ ਪ੍ਰਤੀ ਉਨ੍ਹਾਂ ਦੀ ਦ੍ਰਿੜ੍ਹਤਾ ਉਨ੍ਹਾਂ ਦੀ ਨਿਹਚਾ ਦੇ ਨਤੀਜੇ ਅਤੇ ਆਸ ਦੇ ਸਿੱਟੇ ਨੂੰ ਨਿਰਧਾਰਿਤ ਕਰਨਗੇ। "ਓਸ ਨਿਹਚਾ ਦੇ ਲਈ ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ" (ਆਇਤ 3) ਉਨ੍ਹਾਂ ਦੀ ਦ੍ਰਿੜ੍ਹਤਾ ਦਾ ਅਰਥ ਸੀ ਕਿ ਉਹ ਪਰਮੇਸ਼ੁਰ ਦੇ ਰਾਜ ਵਿਚ ਭਾਈਵਾਲਾਂ ਵਾਂਗ ਜੀ ਰਹੇ ਹਨ।

ਪਰਮੇਸ਼ੁਰ ਦੇ ਰਾਜ ਅਤੇ "ਅੱਤ ਪਵਿੱਤਰ ਨਿਹਚਾ" ਦੀ ਗੱਲ ਇੱਕ ਦੂਜੇ ਤੋਂ ਬਿਨਾਂ ਨਹੀਂ ਹੋ ਸਕਦੀ। ਇਹ ਦੋਵੇਂ ਜੇਕਰ ਇੱਕਦਮ ਇੱਕੋ ਜਿਹੇ ਨਹੀਂ ਹਨ, ਤਾਂ ਘੱਟੋ-ਘੱਟ ਇੱਕ ਦੂਜੇ ਉੱਤੇ ਨਿਰਭਰ ਜ਼ਰੂਰ ਹਨ। ਇੱਕ ਭਾਵ ਨਾਲ ਪਰਮੇਸ਼ੁਰ ਦਾ ਰਾਜ ਯਿਸੂ ਦੀ ਸੇਵਾ ਵੇਲੇ ਮੌਜੂਦ ਸੀ (ਮੱਤੀ 12:28) ਅਤੇ ਇੱਕ ਭਾਵ ਨਾਲ ਅਜੇ ਇਹ ਆਉਣਾ ਬਾਕੀ ਸੀ (ਮਰਕੁਸ 9:1)। ਯਿਸੂ ਦੇ ਜੀਵਨ ਅਤੇ ਸਿੱਖਿਆਵਾਂ ਨੇ ਪਰਮੇਸ਼ੁਰ ਦੇ ਰਾਜ ਦੇ ਬੂਹੇ ਖੋਲ੍ਹ ਦਿੱਤੇ ਪਰ ਇਸ ਦਾ ਸੰਪੂਰਨ ਆਗਮਨ ਉਸ ਦੀ ਮੌਤ, ਜੀ ਉੱਠਣ ਅਤੇ ਸਵਰਗ ਚਲੇ ਜਾਣ ਤੋਂ ਬਾਅਦ ਹੋਇਆ। ਇੱਕ ਮਹੱਤਵਪੂਰਨ ਭਾਵ ਇਹ ਵੀ ਹੈ ਕਿ ਪਰਮੇਸ਼ੁਰ ਦਾ ਰਾਜ ਉਦੋਂ ਆਇਆ ਜਦੋਂ ਪਤਰਸ ਨੇ ਪੰਤੇਕੁਸਤ ਦੇ ਦਿਨ ਖੁਸ਼ਖਬਰੀ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਨੇ ਉਸ ਦੇ ਜਵਾਬ ਵਿਚ ਤੋਬਾ ਕੀਤੀ ਅਤੇ ਬਪਤਿਸਮਾ ਲਿਆ (ਰਸੂਲਾਂ 2:37–42)। ਪੌਲੁਸ ਆਖ ਸਕਿਆ ਕਿ ਮਸੀਹ ਨੇ "ਸਾਨੂੰ ਅੰਧਕਾਰ ਦੇ ਵੱਸ ਵਿਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ ਪੁਚਾ ਦਿੱਤਾ" (ਕੁਲੁੱਸੀਆਂ 1:13)।

ਹਾਲਾਂਕਿ ਮਸੀਹੀ ਲੋਕ ਇਸੇ ਜੀਵਨ ਵਿਚ ਪਰਮੇਸ਼ੁਰ ਦੇ ਰਾਜ ਦੇ ਸਾਂਝੀ ਬਣ ਜਾਂਦੇ ਹਨ, ਪਰ ਫਿਰ ਵੀ ਇੱਕ ਭਾਵ ਨਾਲ ਉਹ ਅਜੇ ਵੀ ਪਰਮੇਸ਼ੁਰ ਦੇ ਰਾਜ ਦੀ ਉਡੀਕ ਕਰ ਰਹੇ ਹਨ। ਯਹੂਦਾਹ ਨੇ ਆਪਣੇ ਪਾਠਕਾਂ ਨੂੰ ਆਖਿਆ ਭਈ **ਉਡੀਕ ਕਰਦੇ ਰਹੋ**। ਪਰਮੇਸ਼ੁਰ ਦੀ ਉਡੀਕ ਕਰਨਾ, ਉਸ ਦੇ ਸਮੇਂ ਅਨੁਸਾਰ ਉਸ ਦੀ ਇੱਛਾ ਦੀ ਪੂਰਤੀ ਦੀ ਉਡੀਕ ਕਰਨਾ, ਪਰਮੇਸ਼ੁਰ ਦੇ ਕਈ ਲੋਕਾਂ ਲਈ ਬੜਾ ਚੁਣੌਤੀ ਭਰਿਆ ਤਜਰਬਾ ਰਿਹਾ ਹੈ। ਕੁਝ ਭਜਨਕਾਰ ਆਤਮਕ ਤਾਂਘ ਦੇ ਉਸ ਸਿਖਰ 'ਤੇ ਪੁੱਜ ਗਏ ਜਿਹੜਾ ਯਹੂਦਾਹ ਦੇ ਜਜ਼ਬਾਤ ਨਾਲੋਂ ਬਹੁਤਾ ਭਿੰਨ ਨਹੀਂ ਸੀ। ਉਦਾਹਰਨ ਵਜੋਂ, ਅਸੀਂ ਪੜ੍ਹਦੇ ਹਾਂ, "ਯਹੋਵਾਹ ਨੂੰ ਉਡੀਕ, ਤਕੜਾ ਹੋ ਅਤੇ

ਤੇਰਾ ਮਨ ਦਿਲੇਰ ਹੋਵੇ, ਹਾਂ, ਯਹੋਵਾਹ ਨੂੰ ਹੀ ਉਡੀਕ” (ਜ਼ਬੂਰਾਂ 27:14); “ਸਾਡਾ ਜੀ ਯਹੋਵਾਹ ਦੀ ਉਡੀਕ ਕਰਦਾ ਹੈ, ਉਹੋ ਸਾਡਾ ਸਹਾਇਕ ਅਤੇ ਸਾਡੀ ਢਾਲ ਹੈ” (ਜ਼ਬੂਰਾਂ 33:20)। ਯਹੂਦਾਹ ਵਾਂਗ ਪੌਲੁਸ ਨੇ ਵੀ ਇਹ ਸਪੱਸ਼ਟ ਕੀਤਾ ਕਿ ਉਡੀਕ ਕਰਨ ਲਈ ਕੁਝ ਹੈ। ਉਸ ਨੇ ਆਖਿਆ “ਮਾਸ ਅਤੇ ਲਹੂ ਪਰਮੇਸ਼ੁਰ ਦੇ ਰਾਜ ਦੇ ਅਧਿਕਾਰੀ ਨਹੀਂ ਹੋ ਸੱਕਦੇ” (1 ਕੁਰਿੰਥੀਆਂ 15:50)। ਮੌਤ ਦੇ ਇਸ ਪਾਸੇ ਮਸੀਹੀ ਲੋਕ ਮਾਸ ਅਤੇ ਲਹੂ ਰਹਿੰਦੇ ਹਨ। ਜਦ ਤੱਕ ਵਿਸ਼ਵਾਸੀ ਮਾਸ ਅਤੇ ਲਹੂ ਦੇ ਸਰੀਰ ਵਿਚ ਵਾਸ ਕਰਦੇ ਹਨ, ਤਦ ਤੱਕ ਉਨ੍ਹਾਂ ਦੇ ਕੋਲ ਉਡੀਕ ਕਰਨ ਲਈ ਕੁਝ ਹੈ। ਯਹੂਦਾਹ ਨੇ ਜਦ ਮਸੀਹ ਦੇ ਲੋਕਾਂ ਨੂੰ ਆਖਿਆ ਕਿ **ਉਡੀਕ ਕਰਦੇ ਰਹੋ**, ਤਾਂ ਸਪੱਸ਼ਟ ਕੀਤਾ ਕਿ ਇਹ ਸਭਨਾਂ ਮਸੀਹੀ ਲੋਕਾਂ ਦੀ ਇੱਕ ਤਕੜੀ ਇੱਛਾ ਹੈ (ਵੇਖੋ 2 ਤਿਮੋਥਿਉਸ 4:8)।

ਮਿਲ ਚੁੱਕਾ ਅਤੇ ਅਜੇ ਵੀ ਉਡੀਕ ਕਰ ਰਹੇ ਵਿਚਕਾਰ ਹੋਣ ਵਾਲੀ ਇਹ ਖਿੱਚ-ਤਾਣ ਨਾ ਸਿਰਫ਼ ਵਰਤਮਾਨ ਵਿਚ ਪਰਮੇਸ਼ੁਰ ਦੇ ਰਾਜ ਦੀ ਵਿਰਾਸਤ ਵਿਚ ਦਿਸਦੀ ਹੈ, ਸਗੋਂ ਇਹ **ਸਦੀਪਕ ਜੀਵਨ** ਦੀ ਸੰਪੂਰਨ ਪ੍ਰਾਪਤੀ ਦਾ ਵੀ ਹਿੱਸਾ ਹੈ। ਮਸੀਹ ਵਿਚ ਸਦੀਪਕ ਜੀਵਨ ਦਾ ਅਰੰਭ ਹੋ ਚੁੱਕਾ ਹੈ, ਪਰ ਇਸ ਵੇਲੇ ਵਫ਼ਾਦਾਰੀ ਅਸਲ ਮੁੱਦਾ ਹੈ। ਬਾਅਦ ਵਿਚ, ਜਦ ਮਸੀਹ ਪਰਗਟ ਹੋਵੇਗਾ, ਜਦ ਆਖਰੀ ਤੁਰ੍ਹੀ ਫੂਕੀ ਜਾਵੇਗੀ (1 ਕੁਰਿੰਥੀਆਂ 15:52), ਇੱਕ ਰੂਪਾਂਤਰਨ ਹੋਵੇਗਾ। ਮਰਨਹਾਰ ਮਾਸ ਅਤੇ ਲਹੂ ਅਮਰਤਾ ਨੂੰ ਪ੍ਰਾਪਤ ਕਰ ਲਵੇਗਾ। **ਸਾਡੇ ਪ੍ਰਭੂ ਯਿਸੂ ਮਸੀਹ ਦੀ ਦਯਾ** ਦੇ ਅਨੁਸਾਰ ਇਸ ਸੰਸਾਰ ਦੇ ਅਸਥਾਈ ਅਤੇ ਨਾਸਵਾਨ ਜੀਵਨ ਨੂੰ ਅਮਰਤਾ ਨਿਗਲ ਜਾਵੇਗੀ। ਜਦ ਮਸੀਹੀ ਲੋਕ “ਜੀਵਨ” ਦੀ ਉਡੀਕ ਕਰ ਰਹੇ ਹਨ ਤਾਂ ਉਹ ਇਸ ਨੂੰ ਬੇਅੰਤ ਮੰਨ ਕੇ ਗਲਤੀ ਨਹੀਂ ਕਰ ਰਹੇ ਹਨ। ਬੇਅੰਤ ਹੋਣ ਦਾ ਭਾਵ “ਸਦੀਪਕ” (αἰώνιος, *ਆਇਓਨਿਓਸ*) ਸ਼ਬਦ ਵਿਚ ਲੁਕਿਆ ਹੋਇਆ ਹੈ। ਪਰ ਫਿਰ ਵੀ ਇਹ ਸ਼ਬਦ ਜੀਵਨ ਦੀ ਮਿਣਤੀ ਨੂੰ—ਉਸ ਦੇ ਬੇਅੰਤ ਹੋਣ ਨੂੰ—ਓਨਾ ਨਹੀਂ ਦਰਸਾਉਂਦਾ ਜਿੰਨਾ ਜੀਵਨ ਦੀ ਗੁਣਵੱਤਾ ਨੂੰ ਦਰਸਾਉਂਦਾ ਹੈ। ਇਹ ਆਉਣ ਵਾਲੇ ਯੁੱਗ ਦੇ ਜੀਵਨ ਦੀ ਵਿਸ਼ੇਸ਼ਤਾ ਹੈ।[2] ਜਦਕਿ “ਸਦੀਪਕ ਜੀਵਨ” ਦੀ ਭਰਪੂਰੀ ਆਉਣੀ ਅਜੇ ਬਾਕੀ ਹੈ, ਪਰ ਫਿਰ ਵੀ ਇੱਕ ਭਾਵ ਨਾਲ ਮਸੀਹ ਵਿਚ ਹੋਣ ਦਾ ਅਰਥ “ਸਦੀਪਕ ਜੀਵਨ” ਨੂੰ ਪ੍ਰਾਪਤ ਕਰ ਲੈਣਾ ਵੀ ਹੈ।

ਵਿਸ਼ੇਸ਼ ਤੌਰ ’ਤੇ ਪੁਰਾਣੇ ਨੇਮ ਵਿਚ “ਜੀਵਨ” ਹੋਂਦ ਦੀ ਗੁਣਵੱਤਾ ਨੂੰ ਦਰਸਾਉਂਦਾ ਸੀ, ਜਿਸ ਵਿਚਲੀਆਂ ਵਿਸ਼ੇਸ਼ਤਾਵਾਂ ਪਰਮੇਸ਼ੁਰ ਦੇ ਨਾਲ ਮੇਲ, ਬੁੱਧ ਅਤੇ ਅਸੀਸਾਂ ਸ਼ਾਮਲ ਸਨ। ਜਦ ਮੂਸਾ ਨੇ ਇਸਰਾਏਲ ਨੂੰ ਆਖਿਆ, “ਵੇਖੋ, ਮੈਂ ਅੱਜ ਤੁਹਾਡੇ ਸਾਹਮਣੇ ਜੀਵਨ ਅਤੇ ਭਲਿਆਈ, ਮੌਤ ਅਤੇ ਬੁਰਿਆਈ ਰੱਖ ਦਿੱਤੀ ਹੈ” (ਬਿਵਸਥਾ 30:15), ਤਾਂ ਉਹ ਉਨ੍ਹਾਂ ਨੂੰ ਉਸ ਜੀਵਨ ਦੀ ਗੁਣਵੱਤਾ ਉੱਤੇ ਗੌਰ ਕਰਨ ਦਾ ਸੱਦਾ ਦੇ ਰਿਹਾ ਸੀ ਜਿਹੜਾ ਉਨ੍ਹਾਂ ਨੂੰ ਕਨਾਨ ਵਿਚ ਮਿਲਣਾ ਸੀ। ਇਸੇ ਤਰ੍ਹਾਂ, ਜਦ ਯਿਸੂ ਨੇ ਆਖਿਆ, “ਉਹ ਨੇ ਪੁੱਤਰ ਨੂੰ ਵੀ ਬਖ਼ਸ਼ਿਆ ਜੋ ਆਪ ਵਿਚ ਜੀਉਣ ਰੱਖੇ” (ਯੂਹੰਨਾ 5:26), ਤਾਂ ਉਹ ਉਸ ਜੀਵਨ ਦੀ ਗੁਣਵੱਤਾ ਦੀ ਗੱਲ ਕਰ ਰਿਹਾ ਸੀ ਜਿਹੜਾ ਪਰਮੇਸ਼ੁਰ ਨੇ ਉਸ ਨੂੰ ਦਿੱਤਾ ਸੀ। ਜਿਸ ਤਰ੍ਹਾਂ ਦੇ ਜੀਵਨ ਦੀ ਗੁਣਵੱਤਾ ਦਾ ਤਜਰਬਾ ਯਿਸੂ ਨੇ ਕੀਤਾ, ਉਸ ਦਾ ਤਜਰਬਾ ਉਸ ਦੇ ਲੋਕਾਂ ਨੇ ਵੀ ਕਰਨਾ ਹੈ। “ਸਦੀਪਕ ਜੀਵਨ” ਇਸ ਵੇਲੇ ਹੈ, ਪਰ ਇਹ ਅਜੇ ਆਉਣਾ ਬਾਕੀ ਵੀ ਹੈ। ਜਿਵੇਂ ਕਿ ਯਹੂਦਾਹ ਨੇ ਆਖਿਆ ਕਿ ਤੁਸੀਂ ਇਸ ਦੀ “ਉਡੀਰ ਕਰਦੇ ਰਹੋ।”

ਜਿਹੜੇ ਲੋਕ ਮਸੀਹ ਵਿਚ ਹਨ ਉਹ ਇਸ ਸੰਸਾਰ ਵਿਚ ਅਜਿਹੇ ਜੀਵਨ ਦੀ ਗੁਣਵੱਤਾ

ਵਿਚ ਸਾਂਝੀ ਹੁੰਦੇ ਹਨ ਜਿਹੜੀ ਆਉਣ ਵਾਲੇ ਯੁੱਗ ਦੀ ਵਿਸ਼ੇਸਤਾਵਾਂ ਨੂੰ ਦਰਸਾਉਂਦੀ ਹੈ। ਯਿਸੂ ਨੇ ਆਖਿਆ, "ਜਿਹੜਾ ਪੁੱਤਰ ਉੱਤੇ ਨਿਹਚਾ ਕਰਦਾ ਹੈ ਸਦੀਪਕ ਜੀਉਣ ਉਸ ਦਾ ਹੈ" (ਯੂਹੰਨਾ 3:36)। ਉਨ੍ਹਾਂ ਨੂੰ ਇਹ ਇੱਥੇ ਅਤੇ ਹੁਣ ਮਿਲ ਗਿਆ ਹੈ। ਫਿਰ ਉਸ ਨੇ ਆਖਿਆ, "ਜੋ ਮੇਰਾ ਬਚਨ ਸੁਣਦਾ ਅਤੇ ਉਹ ਦੀ ਪਰਤੀਤ ਕਰਦਾ ਹੈ ਜਿਨ੍ਹ ਮੈਨੂੰ ਘੱਲਿਆ ਸਦੀਪਕ ਜੀਉਣ ਉਹ ਦਾ ਹੈ" (ਯੂਹੰਨਾ 5:24)। **ਪਰਮੇਸ਼ੁਰ ਦੇ ਪ੍ਰੇਮ ਵਿਚ ਆਪਣੇ ਆਪ ਨੂੰ ਕਾਇਮ** ਰੱਖਣ ਦੇ ਆਤਮਕ ਸ੍ਰੋਤਾਂ ਵਿਚ ਪਵਿੱਤਰ ਜੀਵਨ ਜੀਉਣਾ ਅਤੇ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵਾਲੇ ਤਰੀਕਿਆਂ ਨਾਲ ਉਸ ਦੀ ਅਰਾਧਨਾ ਅਤੇ ਸੇਵਾ ਕਰਨਾ ਸ਼ਾਮਲ ਹੈ। ਜਦ ਅਸੀਂ ਪ੍ਰਭੂ ਦੀ ਵਾਪਸੀ ਦੀ ਉਮੀਦ ਕਰਦੇ ਅਤੇ ਉਡੀਕ ਕਰਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਪ੍ਰੇਮ ਵਿਚ ਕਾਇਮ ਰੱਖਦੇ ਹਾਂ।

**ਆਇਤਾਂ 22, 23.** ਕਿਉਂਕਿ ਕੋਈ ਨਿਰਬਲ ਹੈ, ਕਿਉਂਕਿ ਕੋਈ ਇਨ੍ਹਾਂ ਝੂਠੇ ਗੁਰੂਆਂ ਦੀਆਂ ਗਲਤ ਸਿੱਖਿਆਵਾਂ ਨਾਲ ਠੱਗਿਆ ਗਿਆ ਹੈ, ਤਾਂ ਇਸ ਦਾ ਅਰਥ ਇਹ ਨਹੀਂ ਹੈ ਕਿ ਉਸ ਨੂੰ ਮਸੀਹੀ ਲੋਕ ਰੱਦ ਦੇਣ ਅਤੇ ਤਿਆਗ ਦੇਣ। ਵਫ਼ਾਦਾਰ ਲੋਕਾਂ ਦੀ ਜਿੰਮੇਵਾਰੀ ਹੈ ਕਿ ਉਹ **ਕਿੰਨਿਆਂ ਉੱਤੇ ਜਿਹੜੇ ਦੁਬਧਾ ਵਿਚ ਪਏ ਹੋਏ ਹਨ ਦਯਾ** ਕਰਨ। ਜਿਨ੍ਹਾਂ ਨੇ ਆਪਣੀ ਬੁੱਧ ਦਾ ਸਹਾਰਾ ਲਿਆ, ਜਿਨ੍ਹਾਂ ਨੇ ਫੁੱਟ ਪਾਈ, ਜਿਹੜੇ "ਸਾਡੇ ਪਰਮੇਸ਼ੁਰ ਦੀ ਕਿਰਪਾ ਨੂੰ ਉਲਟਾ ਕਰ ਕੇ ਲੁੱਚਪੁਣੇ ਵੱਲ ਲਾ ਲੈਂਦੇ ਹਨ" (ਆਇਤ 4), ਉਨ੍ਹਾਂ ਦੇ ਲਈ ਯਹੂਦਾਹ ਦੇ ਕੋਲ ਕੋਈ ਸਮਾਂ ਨਹੀਂ ਸੀ। ਪਰ ਫਿਰ ਵੀ, ਦੁਬਧਾ ਵਿਚ ਪਏ ਹੋਏ ਸਾਰੇ ਲੋਕ ਪਰਮੇਸ਼ੁਰ ਦੇ ਰਾਜ ਨੂੰ ਗੁਆ ਨਹੀਂ ਬੈਠੇ ਸਨ। ਅਜਿਹੇ ਕੁਝ ਲੋਕ ਵੀ ਸਨ ਜਿਹੜੇ ਨਿਹਚਾ ਵਿਚ ਨਵੇਂ ਸਨ, ਨਿਸ਼ਚਿਤ ਨਹੀਂ ਸਨ ਕਿ ਕਿਸ 'ਤੇ ਵਿਸ਼ਵਾਸ ਕਰਨ ਅਤੇ ਕਿਸ 'ਤੇ ਭਰੋਸਾ ਕਰਨ। ਉਹ ਵੀ "ਦੁਬਧਾ ਵਿਚ ਪਏ ਹੋਏ" ਲੋਕਾਂ ਵਿਚ ਸ਼ਾਮਲ ਸਨ। ਯਹੂਦਾਹ ਨੇ ਨਿਹਚਾ ਵਿਚ ਮਜਬੂਤ ਲੋਕਾਂ ਅੱਗੇ ਬੇਨਤੀ ਕੀਤੀ ਕਿ ਉਹ ਇਨ੍ਹਾਂ ਉੱਤੇ ਦਯਾ ਕਰਨ ਅਤੇ ਤਰਸ ਖਾਣ। ਵਫ਼ਾਦਾਰ ਲੋਕਾਂ ਦੀ ਜਿੰਮੇਵਾਰੀ ਸੀ ਕਿ ਉਹ ਦੁਬਧਾ ਵਿਚ ਪਏ ਲੋਕਾਂ ਨੂੰ ਪ੍ਰਭੂ ਕੋਲ ਵਾਪਿਸ ਲੈ ਕੇ ਆਉਣ (ਵੇਖੋ ਯਾਕੂਬ 5:20)।

ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਆਇਤਾਂ ਵਿਚ ਯਹੂਦਾਹ ਦੋ ਸਮੂਹਾਂ ਦੀ ਗੱਲ ਕਰ ਰਿਹਾ ਸੀ ਜਾਂ ਤਿੰਨ ਦੀ। ਲੇਖਕ ਨੇ ਘੱਟੋ-ਘੱਟ ਦੋ ਭਿੰਨ ਸਮੂਹਾਂ ਬਾਰੇ ਤਾਂ ਗੱਲ ਕੀਤੀ। ਆਇਤ 22 ਵਿਚ ਦੁਬਧਾ ਵਿਚ ਪਏ ਹੋਇਆਂ ਦਾ ਹਵਾਲਾ ਦੇ ਕੇ ਉਸ ਨੇ ਆਇਤ 23 ਨੂੰ ਇਨ੍ਹਾਂ ਸ਼ਬਦਾਂ ਦੇ ਨਾਲ ਅਰੰਭ ਕੀਤਾ **ਕਿੰਨਿਆਂ ਨੂੰ..ਬਚਾਓ**। ਇਹ "ਕਿੰਨਿਆਂ ਨੂੰ" ਦੂਬਧਾ ਵਿਚ ਪਏ ਹੋਏ ਲੋਕਾਂ ਤੋਂ ਵੱਖਰੇ ਲੋਕ ਜਾਪਦੇ ਹਨ। ਸੰਭਵ ਹੈ ਕਿ ਯਹੂਦਾਹ ਤਿੰਨ ਭਿੰਨ ਸਮੂਹਾਂ ਦੀ ਗੱਲ ਕਰਨਾ ਚਾਹੁੰਦਾ ਸੀ: (1) ਕੁਝ ਲੋਕ ਜਿਹੜੇ ਦੁਬਧਾ ਵਿਚ ਪਏ ਹੋਏ ਸਨ, (2) ਕੁਝ ਲੋਕਾਂ ਨੂੰ **ਅੱਗ ਵਿਚੋਂ ਧੂ ਖਿੱਚ ਕੇ** ਕੱਢਣਾ ਸੀ (3) **ਕਿੰਨਿਆਂ ਉੱਤੇ** ਵਫ਼ਾਦਾਰ ਲੋਕਾਂ ਨੇ **ਦਯਾ** ਕਰਨੀ ਸੀ। ਬਾਅਦ ਵਾਲੇ ਦੋ ਸਮੂਹ ਆਪਸ ਵਿਚ ਐਨਾ ਮੇਲ ਖਾਂਦੇ ਹਨ ਕਿ ਅਜਿਹਾ ਜਾਪਦਾ ਹੈ ਕਿ ਯਹੂਦਾਹ ਸਿਰਫ਼ ਦੋ ਸਮੂਹਾਂ ਦੀ ਗੱਲ ਕਰ ਰਿਹਾ ਸੀ। ਇਹ ਵੀ ਹੋ ਸਕਦਾ ਹੈ ਕਿ ਕੁਝ ਗੱਲਾਂ ਉਸ ਨੇ ਦੋਹਾਂ ਸਮੂਹਾਂ ਦੇ ਲਈ ਆਖੀਆਂ। ਅਜਿਹਾ ਨਹੀਂ ਜਾਪਦਾ ਕਿ ਲੇਖਕ ਤਿੰਨ ਸਮੂਹਾਂ ਵਿਚ ਬਹੁਤ ਜ਼ਿਆਦਾ ਅੰਤਰ ਕਰਨਾ ਚਾਹੁੰਦਾ ਸੀ। ਦੁਬਧਾ ਵਿਚ ਪਏ ਕੁਝ ਲੋਕ ਉਨ੍ਹਾਂ ਵਿਚ ਵੀ ਸ਼ਾਮਲ ਹੋ ਸਕਦੇ ਸਨ ਜਿਨ੍ਹਾਂ ਨੂੰ ਅੱਗ ਵਿਚੋਂ ਧੂ ਖਿੱਚ ਕੇ ਕੱਢਣਾ ਸੀ। "ਦਯਾ" ਆਇਤਾਂ 22 ਅਤੇ 23 ਵਿਚ ਇੱਕ ਕਾਰਜਕਾਰੀ ਸ਼ਬਦ ਹੈ।

ਸ਼ਾਇਦ ਯਹੂਦਾਹ ਦੀਆਂ ਇਨ੍ਹਾਂ ਅੰਤਮ ਆਇਤਾਂ ਤੋਂ ਇਲਾਵਾ ਬਾਈਬਲ ਵਿਚ "ਪਾਪ ਨੂੰ

ਘਿਰਣਾ ਕਰਨ ਅਤੇ ਪਾਪੀਆਂ ਨੂੰ ਪਿਆਰ ਕਰਨ" ਦਾ ਇਸ ਤੋਂ ਸਪੱਸ਼ਟ ਉਦਾਹਰਨ ਹੋਰ ਕੋਈ ਨਹੀਂ ਹੋਵੇਗਾ। ਜਦ ਅਸੀਂ ਵੇਖਦੇ ਹਾਂ ਕਿ ਸਾਡਾ ਕੋਈ ਭਰਾ ਪਾਪ ਵਿਚ ਜਾਂ ਕਿਸੇ ਗਲਤ ਡਾਕਟ੍ਰਿਨ ਵਿਚ ਡਿੱਗ ਰਿਹਾ ਹੈ ਤਾਂ ਉਸ ਨੂੰ ਵਾਪਿਸ ਲਿਆਉਣ ਲਈ ਸਾਨੂੰ ਆਪਣਾ ਪੂਰਾ ਜਤਨ ਕਰਨ ਦੀ ਲੋੜ ਹੈ। ਮਸੀਹੀ ਸਮਾਜ ਕਿਸੇ ਨਿਰਬਲ ਆਤਮਾ ਨੂੰ ਕਦੇ ਨਾ ਤਿਆਗੇ।

## ਇੱਕ ਅੰਤਮ ਪਰਮੇਸ਼ੁਰ-ਉਸਤਤ (24, 25)

**[24]ਹੁਣ ਜਿਹੜਾ ਸਮਰੱਥ ਹੈ ਜੋ ਤੁਹਾਨੂੰ ਠੇਡੇ ਖਾਣ ਤੋਂ ਬਚਾ ਸੱਕਦਾ ਅਤੇ ਤੁਹਾਨੂੰ ਆਪਣੀ ਮਹਿਮਾ ਦੇ ਸਨਮੁਖ ਅਨੰਦ ਸਹਿਤ ਨਿਰਮਲ ਖੜਾ ਕਰ ਸੱਕਦਾ ਹੈ। [25]ਉਸੇ ਦੀ ਅਰਥਾਤ ਉਸ ਅਦੁਤੀ ਪਰਮੇਸ਼ੁਰ ਦੀ ਜੋ ਸਾਡਾ ਮੁਕਤੀ ਦਾਤਾ ਹੈ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਸਭਨਾਂ ਜੁੱਗਾਂ ਤੋਂ ਪਹਿਲਾਂ ਅਤੇ ਹੁਣ ਵੀ ਅਤੇ ਸਭਨਾਂ ਜੁੱਗਾਂ ਤੀਕੁਰ ਮਹਿਮਾ, ਪਰਾਕ੍ਰਮ, ਮਹਾਨਤਾ ਅਤੇ ਇਖ਼ਤਿਆਰ ਹੋਵੇ। ਆਮੀਨ।**

**ਆਇਤ 24.** ਹਾਲਾਂਕਿ ਯਹੂਦਾਹ ਦਾ ਪੱਤਰ ਛੋਟਾ ਹੈ ਅਤੇ ਸ਼ਾਇਦ ਅੱਜ ਦੇ ਪਾਠਕ ਨੂੰ ਇਹ ਦਿਲਚਸਪ ਨਾ ਲੱਗੇ, ਪਰ ਫਿਰ ਵੀ, ਯਹੂਦਾਹ ਨੇ ਆਪਣੇ ਪੱਤਰ ਨੂੰ ਬਾਈਬਲ ਦੀ ਸਭ ਤੋਂ ਸੁੰਦਰ ਪਰਮੇਸ਼ੁਰ-ਉਸਤਤ ਦੇ ਨਾਲ ਸਮਾਪਤ ਕੀਤਾ। ਯਹੂਦਾਹ ਵਿਸ਼ਵਾਸੀਆਂ ਨੂੰ ਚੇਤੇ ਕਰਾ ਚੁੱਕਾ ਸੀ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੇ ਪ੍ਰੇਮ ਵਿਚ ਆਪਣੀ ਉਸਾਰੀ ਕਰਨੀ ਹੈ ਅਤੇ ਉਸ ਵਿਚ ਆਪਣੇ ਆਪ ਨੂੰ ਬਣਾਈ ਰੱਖਣਾ ਹੈ। ਹੁਣ ਉਸ ਨੇ ਇਸ ਵਿਅਕਤੀਗਤ ਜਿੰਮੇਵਾਰੀ ਦੇ ਸੱਦੇ ਨੂੰ ਪਰਮੇਸ਼ੁਰ ਦੀ ਕਿਰਪਾ ਦੀ ਨਿਸ਼ਚਿਤਤਾ ਦੇ ਨਾਲ ਸੰਤੁਲਿਤ ਕੀਤਾ। ਹੁਣ ਕੋਈ ਸੰਦੇਹ ਨਾ ਰਹੇ। ਮਸੀਹ ਹਮੇਸ਼ਾ ਵਿਸ਼ਵਾਸੀਆਂ ਦੇ ਨਾਲ ਖੜਾ ਰਹੇਗਾ, ਉਨ੍ਹਾਂ ਨੂੰ ਸੁਰੱਖਿਅਤ ਰੱਖੇਗਾ ਅਤੇ ਡਿੱਗਣ ਤੋਂ ਬਚਾਏਗਾ। ਇਹ ਪ੍ਰਭੂ ਯਿਸੂ ਮਸੀਹ ਹੀ ਹੈ **ਜਿਹੜਾ ਸਮਰੱਥ ਹੈ ਜੋ ਤੁਹਾਨੂੰ ਠੇਡੇ ਖਾਣ ਤੋਂ ਬਚਾ ਸੱਕਦਾ** ਹੈ। ਇੱਥੇ ਅਜਿਹਾ ਕੁਝ ਵੀ ਨਹੀਂ ਹੈ ਜਿਹੜਾ ਵਿਸ਼ਵਾਸੀ ਨੂੰ ਆਲਸੀ ਹੋਣ ਲਈ ਉਤਸ਼ਾਹਿਤ ਕਰਦਾ ਹੈ। ਨਿਹਚਾ ਵਿਚ ਦ੍ਰਿੜ੍ਹ ਖੜੇ ਰਹਿਣ ਦੀ ਜਿੰਮੇਵਾਰੀ ਨੂੰ ਵਿਸ਼ਵਾਸੀ ਦੇ ਆਪਣੇ ਮੋਢਿਆਂ ਤੋਂ ਹਟਾਇਆ ਨਹੀਂ ਜਾ ਸਕਦਾ। ਨਿਸ਼ਚਿਤਤਾ ਇਹ ਹੈ ਕਿ ਜਿਹੜਾ ਵਿਅਕਤੀ ਮਸੀਹ ਉੱਤੇ ਨਿਹਚਾ ਕਰੇਗਾ, ਜਿਹੜਾ ਵਿਅਕਤੀ ਉਸ ਤੋਂ ਮਾਰਗਦਰਸ਼ਣ ਮੰਗਦਾ ਰਹੇਗਾ, ਜਿਹੜਾ ਵਿਅਕਤੀ ਤੋਬਾ ਕਰਕੇ ਆਪਣੇ ਪਾਪ ਤੋਂ ਫਿਰਦਾ ਰਹੇਗਾ – ਉਹੀ ਹੈ ਜਿਹੜਾ ਖੜਾ ਰਹਿ ਸਕੇਗਾ। ਪਰਮੇਸ਼ੁਰ **ਤੁਹਾਨੂੰ ਆਪਣੀ ਮਹਿਮਾ ਦੇ ਸਨਮੁਖ ਅਨੰਦ ਸਹਿਤ ਨਿਰਮਲ ਖੜਾ ਕਰ ਸੱਕਦਾ ਹੈ**।

**ਆਇਤ 25.** ਯਹੂਦਾਹ ਨੂੰ ਕੋਈ ਸਮੱਸਿਆ ਨਹੀਂ ਸੀ ਕਿ ਇੱਕ ਪਾਸੇ ਉਹ **ਪਰਮੇਸ਼ੁਰ** ਨੂੰ **ਮੁਕਤੀ ਦਾਤਾ** ਆਖੇ ਅਤੇ ਦੂਜੇ ਪਾਸੇ ਉਸ ਨੂੰ ਨਿਆਈਂ ਆਖੇ (ਆਇਤ 4)। ਜੇਕਰ ਪਰਮੇਸ਼ੁਰ ਨਿਆਈਂ ਹੈ, ਤਾਂ ਯਿਸੂ ਵੀ ਨਿਆਈਂ ਹੈ। ਆਇਤ 15 ਦਾ ਭਾਵ ਇਹੋ ਹੈ। ਯਹੂਦਾਹ ਨੇ **ਯਿਸੂ ਮਸੀਹ** ਅਤੇ ਪਰਮੇਸ਼ੁਰ ਨੂੰ ਬਰਾਬਰੀ ਵਿਚ ਉੱਚਾ ਵੇਖਿਆ। ਮਸੀਹੀ ਨਿਹਚਾ ਪਰਮੇਸ਼ੁਰ ਉੱਤੇ ਕੇਂਦਰਿਤ ਹੈ। ਇਹ ਮਸੀਹ ਉੱਤੇ ਕੇਂਦਰਿਤ ਹੈ। ਸਾਰਾ ਪਰਉਪਕਾਰ, ਸਾਰੀ ਭਲਿਆਈ, ਸਾਰੇ ਗੁਣ, ਸਾਰੀ ਅਰਾਧਨਾ, ਸਾਰੀ ਉਸਤਤ ਪਰਮੇਸ਼ਰ ਦੀ **ਮਹਿਮਾ**, **ਪਰਾਕ੍ਰਮ, ਮਹਾਨਤਾ ਅਤੇ ਇਖ਼ਤਿਆਰ** ਲਈ ਹੋਵੇ। ਆਮੀਨ।

# ਪ੍ਰਾਸੰਗਿਕਤਾ

**ਪ੍ਰਭੂ ਦੀ ਉਡੀਕ ਕਰਨਾ (ਆਇਤ 21)**

ਐਨੀ ਮੇ ਐਲਸਟਨ ਲੁਈਸ ਕਈ ਵਰ੍ਹਿਆਂ ਤੋਂ ਟੇਨੇਸੀ ਦੇ ਮੇਮਫਿਸ ਸ਼ਹਿਰ ਦੇ ਹਾਰਡਿੰਗ ਯੂਨੀਵਰਸਿਟੀ ਗ੍ਰੈਜੁਏਟ ਸਕੂਲ ਆਫ ਰਿਲੀਜਨ ਵਿਚ ਲਾਈਬ੍ਰੇਰਿਅਨ ਸੀ। ਉਸ ਨੂੰ ਲਾਈਬ੍ਰੇਰੀ ਬਹੁਤ ਪਸੰਦ ਸੀ ਅਤੇ ਉਹ ਆਪਣੀ ਕਲਾਸਾਂ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਵੀ ਬਹੁਤ ਪ੍ਰੇਮ ਕਰਦੀ ਸੀ। ਐਨੀ ਮੇ ਨੇ ਆਪਣੇ ਵਿਦਿਆਰਥੀਆਂ ਨੂੰ ਜ਼ਬੂਰਾਂ 130 ਨੂੰ ਪ੍ਰੇਮ ਕਰਨ ਬਾਰੇ ਸਿਖਾਇਆ। ਇਸ ਜ਼ਬੂਰ ਦੀ ਆਇਤ 6 ਆਖਦੀ ਹੈ, "ਜਿੰਨਾ ਪਹਿਰੇ ਵਾਲੇ ਸਵੇਰ ਨੂੰ, ਉੱਨਾ ਹੀ ਵੱਧ ਮੇਰੀ ਜਾਨ ਪ੍ਰਭੂ ਨੂੰ ਉਡੀਕਦੀ ਹੈ।" ਉਹ ਇਹ ਆਖਦਿਆਂ ਸ਼ਰਮਾਉਂਦੀ ਨਹੀਂ ਸੀ ਕਿ ਜ਼ਬੂਰਾਂ 130 ਉਸ ਦਾ ਮਨਪਸੰਦ ਜ਼ਬੂਰ ਹੈ। ਐਨੀ ਮੇ ਮਾਰਚ 9, 2006 ਨੂੰ ਇਸ ਸੰਸਾਰ ਵਿਚੋਂ ਅਕਾਲ ਚਲਾਣਾ ਕਰ ਗਈ। ਸਾਡੇ ਵਿਚੋਂ ਜਿੰਨੇ ਲੋਕ ਉਸ ਨੂੰ ਮਿਲ ਚੁੱਕੇ ਹਨ, ਉਹ ਉਸ ਨੂੰ ਕਦੇ ਨਹੀਂ ਭੁਲਾ ਸਕਦੇ। ਅਸੀਂ ਚੇਤੇ ਰੱਖਾਂਗੇ ਅਤੇ ਅਸੀਂ ਉਡੀਕ ਕਰਾਂਗੇ। ਅਸੀਂ ਪਹਿਲਾਂ ਨਾਲੋਂ ਵਧੇਰੇ ਪੱਕੇ ਅਤੇ ਧੀਰਜ ਨਾਲ ਉਡੀਕ ਕਰਾਂਗੇ, ਕਿਉਂਕਿ ਉਸ ਨੇ ਸਾਨੂੰ ਜ਼ਬੂਰਾਂ 130 ਨੂੰ ਪ੍ਰੇਮ ਕਰਨਾ ਸਿਖਾਇਆ ਸੀ।

ਮੈਂ ਇਹ ਇਕਰਾਰ ਕਰਨਾ ਚਾਹੁੰਦਾ ਹਾਂ ਕਿ ਮੈਂ ਇੱਕ ਬੇਸਬਰਾ ਵਿਅਕਤੀ ਹਾਂ। ਕਿਸੇ ਦੇ ਲਈ ਉਡੀਕ ਕਰਨਾ ਮੇਰੇ ਲਈ ਬਹੁਤ ਔਖਾ ਹੈ। ਪ੍ਰਭੂ ਦੀ ਉਡੀਕ ਕਰਨਾ ਵੀ ਮੇਰੇ ਲਈ ਔਖਾ ਹੈ। ਮੈਂ ਵੇਖਿਆ ਹੈ ਕਿ ਜਦ ਮੈਂ ਉਡੀਕ ਕਰਦਾ ਹਾਂ, ਤਾਂ ਉਹ ਆਪਣੇ ਉਦੇਸ਼ ਇਸ ਰੀਤੀ ਨਾਲ ਪੂਰੇ ਕਰਦਾ ਹੈ, ਜਿਸ ਦੀ ਮੈਂ ਉਮੀਦ ਵੀ ਨਹੀਂ ਕੀਤੀ ਹੁੰਦੀ। ਉਹ ਉਨ੍ਹਾਂ ਨੂੰ ਅਜਿਹੀ ਸਮਾਂ-ਸਾਰਣੀ ਵਿਚ ਪੂਰਾ ਕਰਦਾ ਹੈ, ਜਿਹੜੀ ਮੇਰੀ ਨਹੀਂ ਹੈ। ਯਹੂਦਾਹ ਵਾਂਗ ਅਸੀਂ ਵੀ ਉਡੀਕ ਕਰ ਰਹੇ ਹਾਂ। ਭਵਿੱਖ ਪੂਰੀ ਤਰ੍ਹਾਂ ਅਨਿਸ਼ਚਿਤ ਹੈ। ਅਜੇ ਬਹੁਤ ਸਾਰਾ ਕੰਮ ਪੂਰਾ ਹੋਣਾ ਬਾਕੀ ਹੈ। ਅਜਿਹੇ ਲੋਕ ਵੀ ਹਨ ਜਿਨ੍ਹਾਂ ਨੂੰ ਅਸੀਂ ਪ੍ਰੇਮ ਕਰਦੇ ਹਾਂ ਅਤੇ ਚਾਹੁੰਦੇ ਹਾਂ ਕਿ ਉਹ ਬਦਲ ਜਾਣ। ਅਜਿਹੇ ਸੰਕਟ ਵੀ ਹਨ ਜਿਹੜੇ ਅਸੀਂ ਸਹਿਣੇ ਹਨ। ਦਰਦ ਵੀ ਆਵੇਗਾ। ਅਜਿਹੇ ਲੋਕ ਵੀ ਹਨ ਜਿਨ੍ਹਾਂ ਨੂੰ ਅਸੀਂ ਅਲਵਿਦਾ ਆਖਣਾ ਹੈ। ਇਹ ਸਭ ਪਰਮੇਸ਼ੁਰ ਦੇ ਆਪਣੇ ਸਮੇਂ ਵਿਚ ਸਾਹਮਣੇ ਆਵੇਗਾ। ਅਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਹੱਥਾਂ ਵਿਚ ਸਪੁਰਦ ਕਰਦੇ ਹਾਂ ਅਤੇ ਉਡੀਕ ਕਰਦੇ ਹਾਂ।

"ਉਡੀਕ ਕਰਦੇ ਰਹਿਣ" ਦੇ ਘੱਟੋ-ਘੱਟ ਦੋ ਭਾਵ ਨਿਕਲ ਸਕਦੇ ਹਨ। ਉਡੀਕ ਚਿੰਤਾ ਦੇ ਨਾਲ ਵੀ ਕੀਤੀ ਜਾ ਸਕਦੀ ਹੈ। ਉਡੀਕ ਇੱਕ ਬੱਚੇ ਵਾਂਗ ਵੀ ਕੀਤੀ ਜਾ ਸਕਦੀ ਹੈ ਜਿਹੜਾ ਕ੍ਰਿਸਮਸ ਦੀ ਉਡੀਕ ਕਰਦਾ ਹੈ। ਪਰ ਫਿਰ ਵੀ, ਉਡੀਕ ਕਰਦੇ ਰਹਿਣ ਦਾ ਇੱਕ ਭਾਵ ਹੋਰ ਵੀ ਹੋ ਸਕਦਾ ਹੈ। ਇਸ ਦਾ ਅਰਥ ਅਨਿਸ਼ਚਿਤਤਾ ਵੀ ਹੋ ਸਕਦਾ ਹੈ। ਇਸ ਵਿਚ ਅਗਿਆਤ ਦਾ ਭੈ, ਡਰ ਵੀ ਹੋ ਸਕਦਾ ਹੈ। ਜਦ ਯਹੂਦਾਹ ਨੇ ਆਖਿਆ ਕਿ ਅਸੀਂ ਉਡੀਕ ਕਰਦੇ ਰਹੀਏ, ਤਾਂ ਇਸ ਸ਼ਬਦ ਤੋਂ ਉਸ ਦਾ ਭਾਵ ਪਹਿਲਾ ਵਾਲਾ ਸੀ। ਮਸੀਹੀ ਲੋਕ ਮਸੀਹ ਦੀ ਵਾਪਸੀ *ਲਈ* ਚਿੰਤਤ ਹਨ, ਉਸ ਦੀ ਵਾਪਸੀ *ਬਾਰੇ* ਚਿੰਤਤ ਨਹੀਂ ਹਨ।

## ਟਿੱਪਣੀਆਂ

[1]ਇਹ ਸ਼ਬਦ 1 ਕੁਰਿੰਥੀਆਂ 2:14; 15:44, 46 ਅਤੇ ਯਾਕੂਬ 3:15 ਵਿਚ ਵੀ ਮਿਲਦਾ ਹੈ। ਵਾਲਟਰ ਬਾਵਰ ਦੇ ਅਨੁਸਾਰ ਇਸ ਸ਼ਬਦ ਦਾ ਸੰਬੰਧ "ਸੁਭਾਵਕ ਜੀਵਨ ਅਤੇ ਇਸ ਦੇ ਨਾਲ ਸੰਬੰਧਤ ਹਰੇਕ ਪੱਖ ਨਾਲ ਹੈ, ਜੋ ਕਿ ਤਜਰਬੇ ਦੇ ਖੇਤਰ ਦੇ ਉਲਟ ਹੈ ਜਿਸ ਦੀ ਕੇਂਦਰੀ ਸ਼ਖਸੀਅਤ [ਆਤਮਾ] ਹੈ" (ਵਾਲਟਰ ਬਾਵਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ,* ਤੀਜਾ ਸੰਸਕਰਨ, ਸੋਧਿਆ ਅਤੇ ਸੰਪਾਦਨ, ਫ੍ਰੈਡਰਿਕ ਵਿਲੀਅਸ ਡੈਂਕਰ [ਸ਼ਿਕਾਗੋ: ਯੂਨਿਵਰਸਿਟੀ ਆਫ ਸ਼ਿਕਾਗੋ ਪ੍ਰੈਸ, 2000], 1100)। [2]ਸ਼ਬਦ *ਆਇਓਨਿਓਸ,* "ਸਦੀਪਕ," ਉਸ ਨਾਉਂ ਦਾ ਵਿਸ਼ੇਸ਼ਣ ਰੂਪ ਹੈ ਜਿਸ ਦਾ ਅਰਥ "ਯੁੱਗ" (αἰών, *ਆਇਓਨ*) ਹੈ। ਇਸ ਤਰ੍ਹਾਂ "ਸਦੀਪਕ" ਦਾ ਢੁਕਵਾਂ ਅਰਥ ਹੋਵੇਗਾ, "ਆਉਣ ਵਾਲੇ ਯੁੱਗ ਦੀ ਵਿਸ਼ੇਸ਼ਤਾ।" ਜਦ ਇੱਕ ਵਿਸ਼ਵਾਸੀ ਬਪਤਿਸਮਾ ਵਿਚ ਮਸੀਹ ਨੂੰ ਪਹਿਨ ਲੈਂਦਾ ਹੈ, ਤਦ ਉਹ ਉਸ ਜੀਵਨ ਦਾ ਵਾਰਿਸ ਬਣ ਜਾਂਦਾ ਹੈ, ਜਿਸ ਦਾ ਤਜਰਬਾ ਆਉਣ ਵਾਲੇ ਯੁੱਗ ਵਿਚ ਕੀਤਾ ਜਾਵੇਗਾ।